# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਐਸ.ਸੀ.ਓ 104-106 , ਦੂਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ
ਫੋਨ ਨੰ: 0172-501565, ਫੈਕਸ ਨੰ: 0172-2624687 ਈ.ਮੇਲ : dgsepunjab18@gmail.com

**ਹੁਕਮ**

ਨੰ: ਐਸ.ਐਸ.ਏ/ਇਨਫੋਰਸਮੈਂਟ /2012/ 90113 ਮਿਤੀ 7.12.12

ਸ੍ਰੀਮਤੀ ਪਰਮਜੀਤ ਕੌਰ ਮੁੱਖ ਅਧਿਆਪਕਾ ਸਰਕਾਰੀ ਹਾਈ ਸਕੂਲ ਸੰਘੇੜਾ ਜ਼ਿਲਾ ਬਰਨਾਲਾ ਵੱਲੋਂ ਡਿਊਟੀ ਦੌਰਾਨ ਨਿਮਨਲਿਖਤ ਅਨੁਸਾਰ ਕੋਤਾਹੀਆਂ ਕੀਤੀਆਂ ਗਈਆਂ ਹਨ :-

- ਸ੍ਰੀਮਤੀ ਪਰਮਜੀਤ ਕੌਰ ਵੱਲੋਂ ਸਕੂਲ ਦੇ ਬੱਚਿਆਂ ਪਾਸੋਂ ਡਰਾ ਧਮਕਾ ਕੇ ਘਰੇਲੂ ਕੰਮ ਜਿਵੇਂ ਝਾੜੂ ਪੋਚੇ ਮਰਵਾਉਣੇ,. ਕੱਪੜੇ ਧੁਆਉਣੇ ਅਤੇ ਲੈਟਰੀਨ/ਫਲੱਸ਼ਾਂ ਸਾਫ ਕਰਵਾਉਣੀਆਂ ਆਦਿ ਕਰਵਾਏ ਜਾਂਦੇ ਹਨ।
- ਸ੍ਰੀਮਤੀ ਪਰਮਜੀਤ ਕੌਰ ਲੜਕੀਆਂ ਤੋਂ ਉਪਰੋਕਤ ਅਨੁਸਾਰ ਕੰਮ ਕਰਵਾਕੇ ਉਨ੍ਹਾਂ ਨੂੰ ਸ਼ਾਮ ਨੂੰ ਇਕੱਲੀਆਂ ਨੂੰ ਬਰਨਾਲੇ ਤੋਂ ਵਾਪਸ ਭੇਜ ਦਿੰਦੀ ਹੈ।
- ਜੇਕਰ ਕੋਈ ਬੱਚਾ ਬਿਮਾਰ ਹੋ ਜਾਂਦਾ ਹੈ ਤਾਂ ਸ੍ਰੀਮਤੀ ਪਰਮਜੀਤ ਕੌਰ ਉਸ ਨੂੰ ਬਿਨਾਂ ਕੋਈ ਡਾਕਟਰੀ ਸਹਾਇਤਾ ਦਿਵਾਏ ਕਮਰੇ ਵਿੱਚ ਬਿਠਾ ਦਿੰਦੀ ਹੈ।
- ਜੇਕਰ ਕੋਈ ਵਿਦਿਆਰਥੀ ਇੱਕ ਦਿਨ ਵੀ ਕਿਸੇ ਕਾਰਨ ਸਕੂਲ ਨਹੀਂ ਆਉਂਦਾ ਤਾਂ ਸ੍ਰੀਮਤੀ ਪਰਮਜੀਤ ਕੌਰ ਉਸ ਦਾ ਨਾਮ ਕੱਟ ਦਿੰਦੀ ਹੈ ਅਤੇ ਆਪ ਕਦੇ ਪੀਰੀਅਡ ਨਹੀਂ ਲਗਾਉਂਦੀ ।

ਸ੍ਰੀਮਤੀ ਪਰਮਜੀਤ ਕੌਰ ਉਕਤ ਦੀਆਂ ਉਪਰੋਕਤ ਜ਼ਿਕਰ ਕੀਤੀਆਂ ਕੋਤਾਹੀਆਂ ਜ਼ਿਲਾ ਸਿੱਖਿਆ ਅਫਸਰ (ਸ) ਬਰਨਾਲਾ ਵੱਲੋਂ ਕੀਤੀ ਗਈ ਤੱਥ-ਭਾਲ ਪੜਤਾਲ ਦੌਰਾਨ ਸਿੱਧ ਹੋ ਗਈਆਂ ਹਨ। ਸ੍ਰੀਮਤੀ ਪਰਮਜੀਤ ਕੌਰ ਦੀਆਂ ਉਕਤ ਕੋਤਾਹੀਆਂ ਗੈਰ ਜਿਮੇਵਾਰਾਨਾ, ਆਪਹੁਦਰੀਆ ਅਤੇ ਸਿੱਖਿਆ ਵਿਰੋਧੀ ਹਨ । ਇਨ੍ਹਾਂ ਉਕਤ ਗੰਭੀਰ ਕੋਤਾਹੀਆਂ ਕਾਰਨ ਸ੍ਰੀਮਤੀ ਪਰਮਜੀਤ ਕੌਰ ਮੁੱਖ ਅਧਿਆਪਕਾ ਸਰਕਾਰੀ ਹਾਈ ਸਕੂਲ ਸੰਘੇੜਾ ਜ਼ਿਲਾ ਬਰਨਾਲਾ ਨੂੰ ਪੰਜਾਬ ਸਿਵਲ ਸੇਵਾਵਾਂ ( ਸਜ਼ਾ ਅਤੇ ਅਪੀਲ) ਨਿਯਮਾਂ ਦੇ ਨਿਯਮ 4(1) ਅਧੀਨ ਮੁਅੱਤਲ ਕੀਤਾ ਜਾਂਦਾ ਹੈ। ਮੁਅੱਤਲੀ ਦੌਰਾਨ ਉਸਦਾ ਹੈਡ ਕੁਆਟਰ ਦਫਤਰ ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਫਿਰੋਜਪੁਰ ਵਿਖੇ ਹੋਵੇਗਾ।

ਇਹ ਹੁਕਮ ਪੰਜਾਬ ਸਰਕਾਰ ਦੀ ਪ੍ਰਵਾਨਗੀ ਨਾਲ ਜਾਰੀ ਕੀਤੇ ਜਾਂਦੇ ਹਨ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ।

ਪਿਠ ਅੰਕਣ ਨੰ: ਐਸ.ਐਸ.ਏ/ਇਨਫੋਰਸਮੈਂਟ /2012/ 90113 ਮਿਤੀ 7.12.12

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਚੰਡੀਗੜ੍ਹ।
2. ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਬਰਨਾਲਾ।
3. ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਫਿਰੋਜਪੁਰ।
4. ਸ੍ਰੀਮਤੀ ਪਰਮਜੀਤ ਕੌਰ, ਮੁੱਖ ਅਧਿਆਪਕਾ, ਸਰਕਾਰੀ ਹਾਈ ਸਕੂਲ ਸੰਘੇੜਾ ਜ਼ਿਲਾ ਬਰਨਾਲਾ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ।